# ਦਫਤਰ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਮੈਜਿਸਟਰੇਟ, ਫਰੀਦਕੋਟ।

## Office of the Deputy Commissioner-cum- District Magistrate, Faridkot.

(M.A. Branch)

ਹੁਕਮ :- 397/ਫਸ

ਪੰਜਾਬ ਸਰਕਾਰ ਵੱਲੋ ਕੋਵਿਡ-19 ਦੇ ਪ੍ਰਕੋਪ ਕਾਰਨ ਲੰਮੇ ਸਮੇ ਤੋ ਚੱਲ ਆ ਰਹੇ ਲਾਕ-ਡਾਊਨ ਨੂੰ ਦੇਖਦੇ ਹੋਏ, ਉਹ ਵਿਅਕਤੀ ਜੋ ਪੰਜਾਬ ਤੋ ਬਿਹਾਰ, ਯੂਪੀ, ਰਾਜਸਥਾਨ ਆਦਿ ਵਰਗੇ ਰਾਜਾਂ ਵਿੱਚ ਵਾਪਸ ਜਾਣਾ ਚਾਹੁੰਦੇ ਹਨ ਅਤੇ ਉਹ ਪੰਜਾਬੀ ਜੋ ਬਾਹਰਲੇ ਰਾਜਾ ਵਿੱਚ ਫਸੇ ਹੋਣ ਕਾਰਨ ਪੰਜਾਬ ਆਉਣਾ ਚਾਹੁੰਦੇ ਹਨ, ਦੇ ਆਉਣ ਲਈ www.covidhelp.punjab.gov.in ਪੋਰਟਲ ਉੱਪਰ ਰਜਿਸਟ੍ਰੇਸ਼ਨ ਕਰਨੀ ਸ਼ੁਰੂ ਕੀਤੀ ਗਈ ਹੈ ਅਤੇ ਇਹਨਾ ਰਜਿਸਟਰਡ ਹੋਏ ਵਿਅਕਤੀਆਂ ਨੂੰ ਭੇਜਣ ਤੇ ਵਾਪਸ ਲਿਆਉਣ ਸਬੰਧੀ ਰਾਜਾ ਦੀਆ ਸਰਕਾਰਾ ਵੱਲੋ ਕੀਤੇ ਗਏ ਫੈਸਲੇ ਮੁਤਾਬਕ ਕਾਰਵਾਈ ਕੀਤੀ ਜਾਵੇਗੀ। ਇਸ ਮੰਤਵ ਲਈ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਵੱਲੋ ਮਿਤੀ 01.05.2020 ਨੂੰ ਕੀਤੇ ਗਏ ਨੋਟੀਫਿਕੇਸ਼ਨ ਅਨੁਸਾਰ ਇਹਨਾ ਯਾਤਰੀਆ ਦੀ ਮੂਵਮੇਂਟ ਲਈ ਸਪੈਸ਼ਲ ਰੇਲ ਚਲਾਉਣ ਦਾ ਫੈਸਲਾ ਕੀਤਾ ਗਿਆ ਹੈ।

ਇਸ ਮੰਤਵ ਲਈ ਜਿਲ੍ਹਾ ਫਰੀਦਕੋਟ ਵਿੱਚ ਹੇਠ ਲਿਖੇ ਅਨੁਸਾਰ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ:-

| ਲੜੀ ਨੰਬਰ | ਅਧਿਕਾਰੀ ਦਾ ਅਹੁਦਾ | ਨਿਯੁਕਤੀ | ਅਧਿਕਾਰੀ ਵੱਲੋ ਕੀਤੇ ਜਾਣ ਵਾਲੇ ਕੰਮਾ/ਜਿੰਮੇਵਾਰੀ ਦਾ ਵੇਰਵਾ |
|---|---|---|---|
| 1. | ਸ੍ਰੀ ਤਰਸੇਮ ਚੰਦ, ਪੀ.ਸੀ.ਐਸ. ਸਹਾਇਕ ਕਮਿਸ਼ਨਰ (ਜਨਰਲ), ਫਰੀਦਕੋਟ<br>(ਮੋ: ਨੰ: 98784-03972) | ਨੋਡਲ ਅਫਸਰ (ਸਿਵਲ) | ਇਹ ਅਧਿਕਾਰੀ ਪੰਜਾਬ ਤੋਂ ਬਾਹਰ ਜਾਣ ਵਾਲੇ ਅਤੇ ਆਉਣ ਵਾਲੇ ਵਿਅਕਤੀਆ ਦਾ ਡਾਟਾ ਇਕੱਤਰ ਕਰਦੇ ਹੋਏ, ਇਹਨਾ ਯਾਤਰੀਆ ਨੂੰ ਹਦਾਇਤਾ ਮੁਤਾਬਕ ਪੰਜਾਬ ਤੋ ਬਾਹਰ ਜਾਣ ਅਤੇ ਪੰਜਾਬ ਦੇ ਅੰਦਰ ਆਉਣ ਲਈ ਲੋੜੀਂਦੀ ਕਾਰਵਾਈ ਦੇ ਪ੍ਰਬੰਧ ਕਰਨਗੇ। |
| 2. | ਸ੍ਰੀ ਅਮਨ ਕੇਸ਼ਵ, ਪੀ.ਡੀ.ਆਤਮਾ, ਫਰੀਦਕੋਟ<br>(ਮੋ: ਨੰ: 81467-55422) | ਸਹਾਇਕ ਨੋਡਲ ਅਫਸਰ (ਸਿਵਲ) | ਇਹ ਅਧਿਕਾਰੀ ਨੋਡਲ ਅਫਸਰ (ਸਿਵਲ) ਨੂੰ ਉਹਨਾ ਦੇ ਕੰਮ ਵਿੱਚ ਸਹਿਯੋਗ ਦੇਵੇਗਾ। |
| 3. | 1. ਸ੍ਰੀ ਗੁਰਪ੍ਰੀਤ ਸਿੰਘ, ਉਪ ਕਪਤਾਨ ਪੁਲਿਸ, ਫਰੀਦਕੋਟ<br>(ਮੋ: ਨੰ: 75270-17006)<br>2. ਸ੍ਰੀ ਬਲਕਾਰ ਸਿੰਘ, ਉਪ ਕਪਤਾਨ ਪੁਲਿਸ, ਕੋਟਕਪੂਰਾ<br>(ਮੋ: ਨੰ: 75270-17007)<br>3. ਡਾ. ਮਹਿਤਾਬ ਸਿੰਘ, ਉਪ ਕਪਤਾਨ ਪੁਲਿਸ, ਜੈਤੋ<br>(ਮੋ: ਨੰ: 75270-17008) | ਨੋਡਲ ਅਫਸਰ (ਪੁਲਿਸ) | ਇਹ ਅਧਿਕਾਰੀ ਆਪਣੇ-ਆਪਣੇ ਅਧਿਕਾਰ ਖੇਤਰ ਵਿੱਚ ਯਾਤਰੀਆ ਦੀ ਰਜਿਸਟ੍ਰੇਸ਼ਨ ਸਮੇ ਯਾਤਰੀਆ ਨੂੰ ਪੰਜਾਬ ਤੋ ਬਾਹਰ ਜਾਣ ਅਤੇ ਪੰਜਾਬ ਅੰਦਰ ਆਉਣ ਵਾਸਤੇ ਸੁਰੱਖਿਆ ਦੇ ਪੁਖਤਾ ਪ੍ਰਬੰਧ ਅਤੇ ਯਾਤਰੀਆ ਵਿਚਕਾਰ ਸੋਸ਼ਲ ਡਿਸਟੈਂਸ ਬਣਾਈ ਰੱਖਣ, ਕੋਵਿਡ-19 ਦੇ ਪ੍ਰੋਟੋਕਾਲ ਦੀ ਪਾਲਣਾ ਕਰਵਾਉਣ ਲਈ ਜਿੰਮੇਵਾਰ ਹੋਵੇਗੇ। |
| 4. | 1. ਇੰਸ. ਰਜੇਸ਼ ਕੁਮਾਰ, S.H.O., ਸਿਟੀ, ਫਰੀਦਕੋਟ<br>(ਮੋ: ਨੰ: 75270-17021)<br>2. ਸਬ ਇੰਸ. ਜੋਗਿੰਦਰ ਸਿੰਘ, S.H.O., ਸਦਰ ਫਰੀਦਕੋਟ<br>(ਮੋ: ਨੰ: 75270-17022)<br>3. ਇੰਸ. ਜਗਬੀਰ ਸਿੰਘ, S.H.O., ਸਾਦਿਕ<br>(ਮੋ: ਨੰ: 75270-17023)<br>4. ਸਬ. ਇੰਸ. ਰਾਜਬੀਰ ਸਿੰਘ, S.H.O., ਸਿਟੀ ਕੋਟਕਪੂਰਾ<br>(ਮੋ: ਨੰ: 75270-17024)<br>5. ਸਬ ਇੰਸ. ਅਮਰਜੀਤ ਸਿੰਘ, S.H.O., ਸਦਰ ਕੋਟਕਪੂਰਾ<br>(ਮੋ: ਨੰ: 75270-17025)<br>6. ਇੰਸ. ਦਲਜੀਤ ਸਿੰਘ, S.H.O., ਜੈਤੋ | ਸਹਾਇਕ ਨੋਡਲ ਅਫਸਰ (ਪੁਲਿਸ) | ਇਹ ਅਧਿਕਾਰੀ ਨਿਯੁਕਤ ਕੀਤੇ ਗਏ ਨੋਡਲ ਅਫਸਰਾਨ (ਪੁਲਿਸ) ਨੂੰ ਉਹਨਾਂ ਦੇ ਕੰਮ ਵਿੱਚ ਸਹਿਯੋਗ ਦੇਣਗੇ। |

District Magistrate FARIDKOT

ਤਰਫ-2

Scanned with CamScanner

| | | | |
|---|---|---|---|
| | (ਮੋ: ਨੰ: 75270-17026)<br>7. ਇੰਸ. ਗੁਰਮੀਤ ਸਿੰਘ, S.H.O., ਬਾਜਾਖਾਨਾ<br>(ਮੋ: ਨੰ: 75270-17027)<br>8. ਇੰਸ. ਸੁਖਵਿੰਦਰ ਸਿੰਘ, S.H.O., ਜੀ.ਆਰ.ਪੀ. ਫਰੀਦਕੋਟ<br>(ਮੋ: ਨੰ: 82880-75639) | | |
| 5. | 1. ਡਾ: ਚੰਦਰ ਸ਼ੇਖਰ, ਸੀਨੀਅਰ ਮੈਡੀਕਲ ਅਫਸਰ, ਫਰੀਦਕੋਟ<br>(ਮੋ: ਨੰ: 98146-52880)<br>2. ਡਾ: ਹਰਕਮਲਜੀਤ ਸਿੰਘ, ਸੀਨੀਅਰ ਮੈਡੀਕਲ ਅਫਸਰ, ਕੋਟਕਪੂਰਾ<br>(ਮੋ: ਨੰ: 94659-81182)<br>3. ਡਾ: ਕੀਮਤੀ ਲਾਲ, ਸੀਨੀਅਰ ਮੈਡੀਕਲ ਅਫਸਰ, ਜੈਤੋ<br>(ਮੋ: ਨੰ: 94176-34737) | ਨੋਡਲ ਅਫਸਰ (ਹੈਲਥ) | ਇਹ ਅਧਿਕਾਰੀ ਪੰਜਾਬ ਤੋਂ ਬਾਹਰ ਜਾਣ ਵਾਲੇ ਅਤੇ ਪੰਜਾਬ ਅੰਦਰ ਆਉਣ ਵਾਲੇ ਯਾਤਰੀਆਂ ਦੀ ਕੋਵਿਡ-19 ਪ੍ਰੋਟੋਕਾਲ ਮੁਤਾਬਕ ਸਕਰੀਨਿੰਗ ਆਦਿ ਕਰਨ ਲਈ ਟੀਮਾਂ ਦਾ ਪ੍ਰਬੰਧ ਕਰਨਗੇ। |
| 6. | 1. ਸ੍ਰੀ ਤਰਸੇਮ ਚੰਦ, ਪੀ.ਸੀ.ਐਸ. ਸਕੱਤਰ ਰੀਜਨਲ ਟਰਾਂਸਪੋਰਟ ਅਥਾਰਟੀ, ਫਰੀਦਕੋਟ<br>(ਮੋ: ਨੰ: 98784-03972) | ਨੋਡਲ ਅਫਸਰ (ਟਰਾਂਸਪੋਰਟ) | ਇਹ ਅਧਿਕਾਰੀ ਲੋੜ ਅਨੁਸਾਰ ਯਾਤਰੀਆਂ ਲਈ ਟਰਾਂਸਪੋਰਟ ਦਾ ਪ੍ਰਬੰਧ ਕਰਨ ਲਈ ਪਾਬੰਧ ਹੋਣਗੇ। |
| | 2. ਸ੍ਰੀ ਸੁਖਵਿੰਦਰ ਸਿੰਘ, ਜੂਨੀਅਰ ਸਹਾਇਕ, ਦਫਤਰ ਆਰ.ਟੀ.ਏ. ਫਰੀਦਕੋਟ<br>(ਮੋ: ਨੰ: 99141-05200) | | ਇਹ ਕਰਮਚਾਰੀ ਨੋਡਲ ਅਫਸਰ (ਟਰਾਂਸਪੋਰਟ) ਨੂੰ ਅਸਿਸਟ ਕਰੇਗਾ। |
| 7. | ਸ੍ਰੀ ਅਨਿਲ ਕਟਿਆਰ, ਡੀ.ਆਈ.ਓ ਐਨ.ਆਈ.ਸੀ., ਫਰੀਦਕੋਟ<br>(ਮੋ: ਨੰ: 97806-72580) | ਨੋਡਲ ਅਫਸਰ (ਤਕਨੀਕੀ ਸਹਾਇਤਾ) | ਇਹ ਅਧਿਕਾਰੀ ਨੋਡਲ ਅਫਸਰਾ ਨੂੰ ਹਰ ਪ੍ਰਕਾਰ ਦੀ ਤਕਨੀਕੀ ਸਹਾਇਤਾ ਉਪਲੱਬਧ ਕਰਵਾਉਣ ਲਈ ਜਿੰਮੇਵਾਰ ਹੋਵੇਗਾ। |
| 8. | 1. ਸ੍ਰੀ ਸੂਰਜ ਭਾਨ, ਸਹਾਇਕ ਸਟੇਸ਼ਨ ਮਾਸਟਰ, ਰੇਲਵੇ ਸਟੇਸ਼ਨ ਫਰੀਦਕੋਟ<br>(ਮੋ: ਨੰ: 97792-33569)<br>2. ਸ੍ਰੀ ਰਾਮ ਕ੍ਰਿਸ਼ਨ ਮੀਨਾ, ਸਹਾਇਕ ਸਟੇਸ਼ਨ ਮਾਸਟਰ, ਰੇਲਵੇ ਸਟੇਸ਼ਨ ਕੋਟਕਪੂਰਾ<br>(ਮੋ: ਨੰ: 97792-33514)<br>3. ਸ੍ਰੀ ਨਰਾਇਣ ਮੀਨਾ, ਸਹਾਇਕ ਸਟੇਸ਼ਨ ਮਾਸਟਰ, ਰੇਲਵੇ ਸਟੇਸ਼ਨ ਜੈਤੋ<br>(ਮੋ: ਨੰ: 97792-33570) | ਨੋਡਲ ਅਫਸਰ (ਰੇਲਵੇ) | ਇਹ ਅਧਿਕਾਰੀ ਇਸ ਜਿਲ੍ਹੇ ਵਿੱਚ ਰੇਲਵੇ ਰਾਹੀਂ ਪੰਜਾਬ ਤੋ ਬਾਹਰ ਜਾਣ ਵਾਲੇ ਅਤੇ ਪੰਜਾਬ ਦੇ ਅੰਦਰ ਆਉਣ ਵਾਲੇ ਯਾਤਰੀਆਂ ਵਾਸਤੇ ਟਿਕਟਾਂ/ਸੋਸ਼ਲ ਡਿਸਟੈਸਿੰਗ ਅਤੇ ਰੇਲਵੇ ਸਟੇਸਨਾਂ ਉੱਪਰ ਤਮਾਮ ਸੇਫਟੀ ਮਾਪਦੰਡਾ ਦਾਂ ਧਿਆਨ ਰੱਖਦੇ ਹੋਏ ਕੋਵਿਡ-19 ਦੇ ਪ੍ਰੋਟੋਕਾਲ ਦੀ ਪਾਲਣਾ ਕਰਵਾਉਣ ਲਈ ਜਿੰਮੇਵਾਰ ਹੋਣਗੇ। |

ਉਪਰੋਕਤ ਤੋਂ ਇਲਾਵਾ ਇਹ ਨੋਡਲ ਅਫਸਰ ਵੱਖ - ਵੱਖ ਰਾਜਾਂ ਵਿੱਚ ਆਉਣ ਤੇ ਜਾਣ ਲਈ ਜਨਸੰਖਿਆਂ ਨੂੰ ਦੇਖਦੇ ਹੋਏ, ਲੋੜ ਅਨੁਸਾਰ ਡਾਟਾ ਅਪਰੇਟਰਜ਼ ਅਤੇ ਇਹਨਾਂ ਡਾਟਾ ਅਪਰੇਟਰਜ਼ ਨਾਲ ਹੋਰ ਅਮਲਾ ਆਪਣੇ ਪੱਧਰ ਉੱਪਰ ਤੈਨਾਤ ਕਰਨ ਤੇ ਇਲਾਵਾ ਕੰਪਿਊਟਰਜ਼ / ਪ੍ਰਿੰਟਰਜ਼ ਇੰਟਰਨੈਟ ਦਾ ਪ੍ਰਬੰਧ ਵੀ ਅਗੇਤਰੇ ਤੌਰ ਤੇ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ ।

ਜਿਹੜੇ ਲੋਕ ਪੋਰਟਲ ਉਪਰ ਆਪਣੀ ਰਜਿਸਟਰੇਸਨ ਨਹੀਂ ਕਰਵਾ ਸਕਦੇ ਤਾ ਇਹ ਲੋਕ ਨਿਰਧਾਰਿਤ ਪ੍ਰੋਫਾਰਮੇ ਵਿੱਚ ਵੀ ਆਪਣੀ ਜਾਣਕਾਰੀ ਭਰਕੇ ਦੇ ਸਕਦੇ ਹਨ, ਜਿਸ ਦੀ ਸੂਚਨਾ ਵੱਖਰੀ Microsoft Excel sheet ਉੱਪਰ ਸਟੇਟ / ਜਿਲ੍ਹਾਵਾਰ ਤਿਆਰ ਕੀਤੀ ਜਾਵੇਗੀ । ਇਹ ਫਾਰਮ ਸਬੰਧਤ ਉਪ ਮੰਡਲ ਮੈਜਿਸਟਰੇਟ, ਫਰੀਦਕੋਟ/ਕੋਟਕਪੂਰਾ/ਜੈਤੋ ਦੇ ਦਫਤਰ ਵਿੱਚ ਵੀ ਪ੍ਰਾਪਤ ਕੀਤੇ ਜਾਣਗੇ ਇਸ ਤੋਂ ਇਲਾਵਾ ਇਹਨਾਂ ਦਫਤਰਾਂ ਦੀ ਈ-ਮੇਲ ਆਈ-ਡੀ (fdksdm@gmail.com (01639-250840) /sdmkkp7a@gmail.com (01635-222555) /sdmjaito2014@gmail.com (01635-230200) ਤੇ ਵੀ ਇਹ ਫਾਰਮ ਭੇਜੇ ਜਾ ਸਕਦੇ ਹਨ ਅਤੇ ਹੋਰ ਕਿਸੇ ਵੀ ਪ੍ਰਕਾਰ ਦੀ ਸੂਚਨਾ ਪ੍ਰਾਪਤ ਕਰਨ ਲਈ ਦਿੱਤੇ ਗਏ ਟੈਲੀਫੋਨ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਹ ਦਫਤਰ ਇਹਨਾਂ ਫਾਰਮਾਂ ਨੂੰ Microsoft Excel Sheet ਵਿੱਚ ਭਰਕੇ ਸਬੰਧਤ ਨੋਡਲ ਅਫਸਰ ਨੂੰ ਭੇਜਣਗੇ । ਇਸ ਕੰਮ ਨੂੰ ਸਹੀ ਢੰਗ ਨਾਲ ਨੇਪਰੇ ਚਾੜਨ ਲਈ ਜੇਕਰ ਹੋਰ ਸਟਾਫ ਲੋੜੀਂਦਾ ਹੈ ਤਾਂ ਆਪਣੇ ਪੱਧਰ ਤੇ ਹੋਰ ਵਿਭਾਗਾਂ ਵਿੱਚੋਂ ਹੋਰ ਸਟਾਫ ਦੀ ਡਿਊਟੀ ਲਗਾ ਲਈ ਜਾਵੇ। ਇਹਨਾਂ ਦਫਤਰਾਂ ਵੱਲੋਂ ਨਿਰਧਾਰਿਤ ਪ੍ਰੋਫਾਰਮਾ ਅੰਗਰੇਜ਼ੀ / ਪੰਜਾਬੀ ਅਤੇ ਹਿੰਦੀ ਵਿੱਚ ਪ੍ਰਿੰਟ ਕਰਵਾਇਆ ਜਾਵੇਗਾ ।

District Magistrate FARIDKOT

Scanned with CamScanner

ਰਜਿਸਟਰੇਸ਼ਨ ਲਈ ਨਿਰਧਾਰਤ ਪ੍ਰੋਫਾਰਮੇ ਵਿੱਚ ਪ੍ਰਾਪਤ ਹੋਈ ਦਰਖਾਸਤ ਦੀ ਐਂਟਰੀ Microsoft Excel Sheet ਕਰਨ ਤੋ ਪਹਿਲਾ , ਪੋਰਟਲ ਦੇ ਡਾਟੇ ਨਾਲ ਮਿਲਾਨ ਕਰ ਲਿਆ ਜਾਵੇ ਅਤੇ ਜੇਕਰ ਇਹ ਪਾਇਆ ਜਾਂਦਾ ਹੈ ਕਿ ਇਸ ਦੀ ਰਜਿਸਟਰੇਸਨ ਪਹਿਲਾਂ ਹੀ ਹੋ ਚੁੱਕੀ ਹੈ ਤਾਂ ਫਾਰਮ ਉਪਰ ਇਹ ਲਿੱਖ ਦਿੱਤਾ ਜਾਵੇ ਕਿ ਰਜਿਸਟਰੇਸ਼ਨ ਪਹਿਲਾਂ ਹੀ ਮਿਤੀ XX.XX.XXXX ਨੂੰ ਹੋ ਚੁੱਕੀ ਹੈ ।

ਇਹਨਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਹੋਵੇ।

ਜ਼ਿਲ੍ਹਾ ਮੈਜਿਸਟਰੇਟ
ਫ਼ਰੀਦਕੋਟ।

ਪਿਠ ਅੰਕਣ ਨੰਬਰ 2405 /ਫ.ਕ. ਮਿਤੀ 02.05.2020.

ਉਪਰੋਕਤ ਦਾ ਉਤਾਰਾ :-

1. ਸੀਨੀਅਰ ਕਪਤਾਨ ਪੁਲਿਸ, ਫਰੀਦਕੋਟ,
2. ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਤੇ (ਵਿਕਾਸ), ਫਰੀਦਕੋਟ,
3. ਸਿਵਲ ਸਰਜਨ, ਫ਼ਰੀਦਕੋਟ,
4. ਉਪ ਮੰਡਲ ਮੈਜਿਸਟਰੇਟ, ਫ਼ਰੀਦਕੋਟ/ਕੋਟਕਪੂਰਾ/ਜੈਤੋ,
5. ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਫਰੀਦਕੋਟ,
6. ਸਬੰਧਤ ਨੋਡਲ ਅਫਸਰ ਅਤੇ ਸਹਾਇਕ ਨੋਡਲ ਅਫਸਰਾਨ ਨੂੰ ਸੂਚਨਾ ਅਤੇ ਅਗਲੇਰੀ ਲੋੜੀਦੀ ਕਾਰਵਾਈ ਹਿੱਤ।

ਜ਼ਿਲ੍ਹਾ ਮੈਜਿਸਟਰੇਟ
ਫ਼ਰੀਦਕੋਟ।

District Magistrate FARIDKOT

Scanned with CamScanner